6 JAN 1996

# ਬੀਤੇ ਵਰ੍ਹੇ ਦਾ ਪੰਜਾਬੀ ਨਾਟਕ

ਟੀ.ਵੀ. ਦੇ ਵੱਖ ਵੱਖ ਚੈਨਲਾਂ ਉਤੇ ਨਾਟਕਾਂ ਦੀ ਭਰਮਾਰ ਦੇ ਬਾਵਜੂਦ ਪੰਜਾਬੀ ਥੀਏਟਰ ਨੇ ਸਾਲ 1995 ਵਿਚ ਅਪਣੀ ਪੇਸ਼ਕਦਮੀ ਜਾਰੀ ਰੱਖੀ ਹੈ। ਬਹੁਤ ਵਡੀਆਂ ਪੇਸ਼ਕਾਰੀਆਂ ਸ਼ਹਿਰ ਮੇਰੇ ਦੀ ਪਾਗਲ ਔਰਤ (ਨੀਲਮ ਮਾਨ ਸਿੰਘ), ਇਤਿਹਾਸ ਦੇ ਸਫੇ 'ਤੇ (ਕੇਵਲ ਧਾਲੀਵਾਲ) ਅਤੇ ਮਿੱਟੀ ਦਾ ਬਾਵਾ (ਪਾਲੀ ਭੁਪਿੰਦਰ) ਵਰਗੀਆਂ ਇਸ ਸਾਲ ਹੋਈਆਂ ਹਨ। ਇਹਦੇ ਨਾਲ ਹੀ ਬਹੁਤ ਸਾਰੇ ਨਵੇਂ ਨਾਟਕਾਂ ਦਾ ਮੰਚਣ ਹੋਇਆ ਹੈ, ਜੋ ਲੋਕਾਂ ਵਿਚ ਮਕਬੂਲ ਵੀ ਹੋਏ ਤੇ ਜਿਨ੍ਹਾਂ ਨੇ ਪੰਜਾਬੀ ਨਾਟਕ ਨੂੰ ਵਿਸ਼ਾਲਤਾ ਵੀ ਦਿੱਤੀ ਹੈ। ਇਨ੍ਹਾਂ ਵਿਚ ਕਾਮਰੇਡ (ਗੁਰਸ਼ਰਨ ਸਿੰਘ), ਕਿੱਸਾ ਇਕ ਸਾਲ ਦਾ (ਬਲਦੇਵ ਸਿੰਘ), ਸੰਤਾਪ (ਗੁਰਸ਼ਰਨ ਸਿੰਘ), ਫਰੀਡਮ ਫਾਈਟਰ (ਸੰਜੀਵਨ ਸਿੰਘ), ਤੰਦੂਰ (ਗੁਰਸ਼ਰਨ ਸਿੰਘ), ਸਾੜ੍ਹ ਸੱਤੀ (ਤਿਰਲੋਚਨ ਸਿੰਘ), ਉਧਾਰੀ ਕੁੱਖ (ਕ੍ਰਿਪਾਲ ਕਜ਼ਾਕ ਅਤੇ ਪ੍ਰਮਿੰਦਰ ਪਾਲ ਕੌਰ), ਇਕ ਸੀ ਪਰੀ (ਬਲਦੇਵ ਸਿੰਘ ਅਤੇ ਟੋਨੀ ਬਤਿਸ਼) ਅਤੇ ਆਬਾਦਕਾਰ (ਗੁਰਸ਼ਰਨ ਸਿੰਘ) ਸ਼ਾਮਲ ਹਨ। ਇਸ ਤੋਂ ਇਲਾਵਾ ਨਾਟਕ ਲੋਹਾ ਕੁੱਟ (ਬਲਵੰਤ ਗਾਰਗੀ), ਅਣਜੋੜ (ਹਰਚਰਨ ਸਿੰਘ), ਧਮਕ ਨਗਾਰੇ ਦੀ (ਗੁਰਸ਼ਰਨ ਸਿੰਘ), ਪੁੱਤਰ ਘਰ ਆਇਆ (ਆਈ.ਸੀ. ਨੰਦਾ) ਅਤੇ ਆਤਮਾ ਵਿਕਾਊ ਹੈ (ਗੁਰਸ਼ਰਨ ਸਿੰਘ), ਜੋ ਪੰਜਾਬੀ ਨਾਟਕ ਸਾਹਿਤ ਦੀਆਂ ਪ੍ਰਾਪਤੀਆਂ ਹਨ), ਉਹ ਵੀ ਇਸ ਸਾਲ ਖੇਡੇ ਗਏ। ਸਾਲ 1995 ਦੀ ਪੰਜਾਬੀ ਨਾਟਕ ਡਾਇਰੀ ਇਸ ਤਰ੍ਹਾਂ ਇਕ ਦਿਲਚਸਪ ਅਧਿਐਨ ਬਣਦਾ ਹੈ।

**ਤਬੈ ਰੋਸ ਜਾਗਿਓ :** ਗੁਰਸ਼ਰਨ ਸਿੰਘ ਦੇ ਇਤਿਹਾਸਕ ਨਾਟਕਾਂ ਦੀ ਲੜੀ ਵਿਚ ਇਕ ਨਵਾਂ ਨਾਟਕ ਹੈ ਜੋ ਇਸ ਸਾਲ ਦੇ ਸ਼ੁਰੂ ਵਿਚ ਫਿਰੋਜ਼ਪੁਰ ਵਿਸ਼ਾਲ ਹਾਜ਼ਰੀ ਵਿਚ ਖੇਡਿਆ ਗਿਆ। ਇਸ ਨਾਟਕ ਵਿਚ 17-18ਵੀਂ ਸਦੀ ਦੀ ਇਕ ਵੀਰ ਗਾਥਾ ਨੂੰ ਆਧਾਰ ਬਣਾ ਕੇ ਸਮਕਾਲੀ ਸਥਿਤੀ 'ਤੇ ਟਿੱਪਣੀ ਕੀਤੀ ਗਈ ਹੈ। ਇਸ ਨਾਟਕ ਵਿਚ ਨੌਸ਼ਹਿਰਾ ਕਸਬੇ ਦੀ ਇਕ ਸਾਧਾਰਨ ਔਰਤ ਦੀ ਕਹਾਣੀ ਹੈ ਜੋ ਸਿੰਘਾਂ (ਅਸਲੀ ਸਿੰਘਾਂ) ਦੀ ਸੂਰਮਗਤੀ ਤੋਂ ਪ੍ਰੇਰਤ ਹੋ ਕੇ ਜ਼ਾਲਮ ਹਾਕਮਾਂ ਨਾਲ ਟੱਕਰ ਲੈਂਦੀ ਹੈ ਅਤੇ ਸਿੱਧ ਕਰਦੀ ਹੈ ਕਿ ਔਰਤਾਂ ਕਿਸੇ ਅਮਲ ਵਿਚ ਮਰਦਾਂ ਨਾਲੋਂ ਪਿੱਛੇ ਨਹੀਂ। ਨਾਟਕ ਬਹੁਤ ਸਾਰੇ ਸਮਕਾਲੀ ਮਸਲਿਆਂ ਨੂੰ ਪ੍ਰਸੰਗਤ ਕਰਦਾ ਹੈ ਇਹੀ ਇਹਦੀ ਸਫਲਤਾ ਹੈ।

**ਮਿੱਟੀ ਦਾ ਬਾਵਾ :** ਪਾਲੀ ਭੁਪਿੰਦਰ ਦਾ ਨਵਾਂ ਨਾਟਕ ਲੇਖਣੀ ਅਤੇ ਡਿਜ਼ਾਈਨਿੰਗ ਦੇ ਪੱਖ ਤੋਂ ਇਕ ਸ਼ਾਹਕਾਰ ਨਾਟਕ ਕਿਹਾ ਜਾ ਸਕਦਾ ਹੈ। ਮੋਗਾ ਦੇ ਡੀ.ਐਮ. ਕਾਲਜ ਦੇ ਵਿਦਿਆਰਥੀਆਂ ਵਲੋਂ ਪਾਲੀ ਭੁਪਿੰਦਰ ਦੀ ਨਿਰਦੇਸ਼ਨਾ ਹੇਠਾਂ ਖੇਡੇ ਗਏ ਇਸ ਨਾਟਕ ਨੇ ਯੂਨੀਵਰਸਿਟੀ ਨਾਟਕ ਮੁਕਾਬਲੇ ਵਿਚ ਪਹਿਲਾ ਸਥਾਨ ਲਿਆ। ਇਹ ਨਾਟਕ 25-26 ਜਨਵਰੀ ਦੀ ਸਾਰੀ ਰਾਤ ਪਲਸ ਮੰਚ ਦੇ ਨਾਟਕ ਮੇਲੇ ਦਾ ਵੀ ਹਾਸਲ ਨਾਟਕ ਸੀ, ਜੋ ਪਲਸ ਮੰਚ ਦਾ ਮੁੱਲਾਂਪੁਰ ਇਕਾਈ ਵਲੋਂ ਖੇਡਿਆ ਗਿਆ ਸੀ। ਨਾਟਕ ਪੰਜਾਬ ਦੇ ਲੋਕਾਂ ਦੀ ਦੁਖਦੀ ਰਗ 'ਤੇ ਉਂਗਲ ਰੱਖਦਾ ਹੈ, ਜਦੋਂ ਪੰਜਾਬ ਦਾ ਸਾਂਝਾ ਸਭਿਆਚਾਰ ਸਿਆਸਤ ਅਤੇ ਮਜ਼ਹਬਾਂ ਦੇ ਖੇਡ ਵਿਚ ਵੰਡਿਆ ਗਿਆ। ਕੋਈ ਕੋਈ ਕਲਾ ਕਿਰਤ ਸਾਹਿਤ ਦੇ ਇਤਹਾਸ ਵਿਚ ਮੀਲ ਪੱਥਰ ਸਾਬਤ ਹੁੰਦੀ ਹੈ। ਮਿੱਟੀ ਦਾ ਬਾਵਾ, ਇਸ ਦਰਜੇ ਦੀ ਕਿਰਤ ਕਹੀ ਜਾ ਸਕਦੀ ਹੈ, ਜੋ ਪੰਜਾਬੀ ਨਾਟਕ ਦੇ ਕੱਦ ਨੂੰ ਉਚਾ ਕਰਦੀ ਹੈ।

**ਧਮਕ ਨਗਾਰੇ ਦੀ :** ਗੁਰਸ਼ਰਨ ਸਿੰਘ ਦਾ ਬਗਾਵਤੀ ਸੁਰ ਨੂੰ ਉਚਾ ਕਰਦਾ ਨਾਟਕ ਹੈ। ਲੋਕ ਕਥਾ ਉਪਰ ਅਧਾਰਿਤ ਇਸ ਨਾਟਕ ਵਿਚ ਦੁੱਲਾ ਅਕਬਰ ਬਾਦਸ਼ਾਹ ਦਾ ਬਾਗੀ ਹੈ ਜੋ ਸ਼ਾਹੀ ਜ਼ੁਲਮ ਦੇ ਖਿਲਾਫ ਲੋਕਾਂ ਨੂੰ ਜਥੇਬੰਦ ਕਰਦਾ ਹੈ। ਦੁੱਲਾ ਭੱਟੀ ਦੀ ਗਾਥਾ ਵਾਲੇ ਦੁੱਲੇ ਨੂੰ ਇਸ ਨਾਟਕੀ ਲਿਖਤ ਵਿਚ ਜੁਝਾਰੂ ਲੋਕ ਸ਼ਕਤੀ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਹੈ। ਕੁਮਾਰ ਪਵਨਦੀਪ ਦੀ ਨਿਰਦੇਸ਼ਨਾ ਥੱਲੇ 30 ਜਨਵਰੀ ਦੀ ਸ਼ਾਮ ਟੈਗੋਰ ਥੀਏਟਰ ਚੰਡੀਗੜ੍ਹ ਵਿਚ 'ਨਾਟਕ ਵਾਲਾ' ਟੋਲੀ ਵਲੋਂ ਖੇਡਿਆ ਇਹ ਨਾਟਕ ਦਰਸ਼ਕਾਂ ਦੀ ਪ੍ਰਸੰਸਾ ਲੈਣ ਵਿਚ ਕਾਮਯਾਬ ਹੋਇਆ।

**ਸੁੱਕੇ ਪੱਤਣ :** ਰਾਮ ਸਰੂਪ ਅਣਖੀ ਦੀ ਕਹਾਣੀ 'ਖਾਰਾ ਦੁੱਧ' ਉਤੇ ਆਧਾਰਿਤ ਨਾਟਕ ਹੈ, ਜੋ ਪਿਛਲੇ ਸਾਲਾਂ ਵਿਚ ਦਲਬੀਰ ਸਿੰਘ ਵਲੋਂ ਬੜੀ ਵਾਰ ਖੇਡਿਆ ਗਿਆ ਹੈ। 8 ਫਰਵਰੀ ਨੂੰ ਪੰਜਾਬੀ ਯੂਨੀਵਰਸਿਟੀ ਦੇ ਸਟੂਡਿਓ ਥੀਏਟਰ ਵਿਚ ਇਹ ਨਾਟਕ ਕੁਲਵੰਤ ਕੌਰ ਭਾਟੀਆ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਨਾਟਕ ਨੇ ਅਪਣਾ ਪ੍ਰਭਾਵ ਪਾਇਆ।

**ਕਾਮਰੇਡ :** ਸਮਕਾਲੀ, ਹਾਲਾਤ 'ਤੇ ਇਕ ਰਾਜਸੀ ਨਾਟਕ ਹੈ। 1979 ਤੋਂ ਲੈ ਕੇ 1993 ਤਕ ਪੰਜਾਬ ਨੇ ਇਕ ਸੰਤਾਪ ਭੋਗਿਆ ਹੈ, ਇਹ ਨਾਟਕ ਇਸ ਸੰਤਾਪ ਨੂੰ ਵਿਸ਼ਾ ਬਣਾਉਂਦਾ ਹੈ ਅਤੇ ਪੂਰੀ ਸ਼ਿੱਦਤ ਨਾਲ ਉਨ੍ਹਾਂ ਸ਼ਕਤੀਆਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਇਸ ਸੰਤਾਪ ਦੇ ਜ਼ਿੰਮੇਵਾਰ ਹਨ। ਕਿਸੇ ਕਲਾ-ਕਿਰਤ ਦਾ ਇਕ ਉਦੇਸ਼ ਹੁੰਦਾ ਹੈ ਕਿ ਉਹ ਸਮਕਾਲੀ ਹਾਲਾਤ ਨੂੰ ਵਿਸ਼ਾਵ ਬਣਾ ਕੇ ਅਪਣੇ ਵਲੋਂ ਸਪਸ਼ਟ ਰਾਇ ਦੇਵੇ ਅਤੇ ਆਉਣ ਵਾਲੇ ਸਮੇਂ ਲਈ ਸੇਧ ਦੇਵੇ, ਗੁਰਸ਼ਰਨ ਸਿੰਘ ਦਾ ਇਹ ਨਾਟਕ ਇਸ ਉਦੇਸ਼ ਨੂੰ ਪੂਰਾ ਕਰਦਾ ਹੈ। 8 ਅਪਰੈਲ ਨੂੰ ਮਾਰਕਸੀ ਪਾਰਟੀ ਦੀ 15ਵੀਂ ਕਾਂਗਰਸ ਦੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਇਹ ਨਾਟਕ ਸਫਲਤਾ ਨਾਲ ਖੇਡਿਆ ਗਿਆ।

**ਲੋਹਾ ਕੁੱਟ :** ਬਲਵੰਤ ਗਾਰਗੀ ਵਲੋਂ 1944 ਵਿਚ ਲਿਖਿਆ ਗਿਆ। ਪਿਛਲੇ ਸਾਲ ਇਹ ਪੰਜਾਬ ਯੂਨੀਵਰਸਿਟੀ ਦੇ ਡਰਾਮਾ ਡਿਪਾਰਟਮੈਂਟ ਵਲੋਂ ਡਾ. ਮਹਿੰਦਰ ਹੋਰਾਂ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ ਸੀ, ਇਸ ਸਾਲ ਇਹ ਪੰਜਾਬੀ ਯੂਨੀਵਰਸਿਟੀ ਦੇ ਨਾਟਕ ਵਿਭਾਗ ਦੀ ਥੀਏਟਰ ਰੈਪਰਟਰੀ ਦੁਆਰਾ ਲੱਖਾ ਲਹਿਰੀ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆਂ। ਨਾਟਕ ਦੀ ਲਿਖਤ ਅਤੇ ਪੇਸ਼ਕਾਰੀ ਯੂਨੀਵਰਸਿਟੀ ਦੇ ਬੁੱਧੀਜੀਵੀਆਂ ਵਿਚ ਚਰਚਾ ਦਾ ਵਿਸ਼ਾ ਬਣੀ।

**ਦਲਦਲ :** ਦਵਿੰਦਰ ਕੁਮਾਰ ਦਾ ਨਾਟਕ ਹੈ, ਜਿਸ ਦੀ ਨਾਟਕ ਸਾਹਿਤ ਵਿਚ ਇਕ ਥਾਂ ਬਣ ਚੁੱਕੀ ਹੈ। ਪੰਜਾਬ ਦੇ ਨਿਮਨ ਕਿਰਸਾਨੀ ਦੇ ਮਸਲੇ ਨੂੰ ਲੈਂਦੇ ਹੋਇਆ ਇਹ ਨਾਟਕ ਪੰਜਾਬੀ ਅਕਾਦਮੀ ਵਲੋਂ ਕਰਵਾਏ ਗਏ ਤਿੰਨ ਰੋਜ਼ਾ ਪੰਜਾਬੀ ਨਾਟਕ ਮੇਲੇ ਦੌਰਾਨ ਡਾ. ਸਤੀਸ਼ ਵਰਮਾ ਦੀ ਨਿਰਦੇਸ਼ਨਾ ਹੇਠ ਸਫਲਤਾ ਨਾਲ ਖੇਡਿਆ ਗਿਆ।

**ਸੰਤਾਪ :** ਉਹ ਨਾਟਕ ਹੈ ਜੋ ਗੁਰਸ਼ਰਨ ਸਿੰਘ ਨੇ ਵਿਦੇਸ਼ਾਂ ਵਿਚ ਆਪਣੀ ਨਾਟਕ ਫੇਰੀ ਦੇ ਦਰਮਿਆਨ ਲਿਖਿਆ, ਅਤੇ ਸਫਲਤਾ ਨਾਲ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਖੇਡਿਆ ਅਤੇ ਫੇਰ 20 ਨਵੰਬਰ ਨੂੰ ਪੰਜਾਬੀ ਅਕਾਦਮੀ ਦੇ